Ref. No. MRSPTU/Purchase/21-22/ 1868 Date 23/08/2021

# Minutes of Meeting

**ਵਿਸ਼ਾ: - Minutes of the 16th TFC meeting.**

16th ਟੀ.ਐਫ.ਸੀ. ਦੀ ਮੀਟਿੰਗ ਯੂਨੀਵਰਸਿਟੀ ਦੀ ਖਰੀਦ/ਸਰਵਿਸਜ਼ ਲੈਣ ਬਾਰੇ ਪ੍ਰਾਪਤ ਹੋਏ 2-2 ਈ-ਟੈਂਡਰ ਨੂੰ ਖੋਲਣ ਸਬੰਧੀ ਮਿਤੀ 16/04/2021 ਨੂੰ ਆਨਲਾਈਨ ਲਈ ਕੀਤੀ ਗਈ। ਇਸ ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਮੌਜੂਦ ਸਨ -

1. ਸ੍ਰੀ. ਸ਼ਾਮ ਗੋਇਲ {Deputy Director, Nominee of Director, T.E.&I.T., (Nominee of BOG)}
2. ਡਾ. ਸਵੀਨਾ ਬਾਂਸਲ (ਡੀਨ ਅਕਾਦਮਿਕ ਮਾਮਲੇ)
3. ਡਾ. ਗੁਰਿੰਦਰਪਾਲ ਸਿੰਘ ਬਰਾੜ (ਰਜਿਸਟਰਾਰ)
4. ਡਾ. ਸਰਬਜੀਤ ਕੌਰ ਬਾਠ (ਮੁਖੀ, ਇਲੈਕਟਰੀਕਲ ਵਿਭਾਗ)
5. ਡਾ. ਭੁਪਿੰਦਰ ਸਿੰਘ, (ਡਾਇਰੈਕਟਰ, ਆਈ.ਟੀ.ਈ.ਐਸ.)
6. ਡਾ. ਹਰੀਸ਼ ਗਰਗ (ਪ੍ਰੋ. ਇੰਚਾਰਜ਼, ਆਈ.ਟੀ.ਈ.ਐੱਸ.)
7. ਡਾ. ਸੰਦੀਪ ਕਾਂਸਲ (ਪ੍ਰੋ.ਇੰਚਾਰਜ਼ ਵਿੱਤ ਅਤੇ ਪ੍ਰਚੇਜ਼)
8. ਡਾ. ਕਰਨਵੀਰ ਸਿੰਘ (ਇੰਨਡੈਂਟਰ, COE)
9. ਪ੍ਰੋ. ਜੇ.ਐੱਸ.ਟਿਵਾਣਾ (ਇੰਨਡੈਂਟਰ, ਟ੍ਰਾਂਸਪੋਰਟ ਇੰਚਾਰਜ਼)
10. ਡਾ. ਬਾਲ ਕ੍ਰਿਸ਼ਨ (ਪ੍ਰੋ. (For) ਮੁਖੀ, ਸਿਵਲ ਇੰਜੀਨੀਅਰਿੰਗ ਵਿਭਾਗ)
11. ਸ਼੍ਰੀਮਤੀ ਗੀਤਿਕਾ ਸੂਦ (ਮੈਂਬਰ ਸੈਕਰਟਰੀ)

ਹੇਠ ਲਿਖੇ ਮੈਂਬਰ ਇਹ ਮੀਟਿੰਗ attend ਨਹੀਂ ਕਰ ਪਾਏ: -

1. ਡਾ. ਸੰਜੀਵ ਅਗਰਵਾਲ, ਪ੍ਰੋਫੈਸਰ, ਸਿਵਲ ਇੰਜੀਨੀਅਰਿੰਗ ਵਿਭਾਗ

**ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਵਿਸਥਾਰ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ।**

ਯੂਨੀਵਰਸਿਟੀ ਦੀ ਖਰੀਦ/ਸਰਵਸਿਜ਼ ਸਬੰਧੀ ਈ-ਟੈਂਡਰ ਨੰ. MRSPTU/Purchase/2021/356 dated 24/04/2021 University rules ਮੁਤਾਬਿਕ 2-ਨੈਸ਼ਨਲ ਡੇਲੀ ਅਤੇ 2-ਲੋਕਲ ਅਖਬਾਰਾਂ ਵਿੱਚ ਪ੍ਰਵਾਨਗੀ ਲੈਣ ਉਪਰੰਤ ਪ੍ਰਕਾਸ਼ਤ ਕੀਤਾ ਗਿਆ ਸੀ। ਜਿਸ ਨੂੰ ਪੰਜਾਬ ਸਰਕਾਰ ਦੇ E-procurement Portal ਉੱਪਰ ਅਪਲਾਈ ਕਰਨ ਲਈ 21-ਦਿਨ ਦਾ ਸਮਾਂ ਦਿੱਤਾ ਗਿਆ ਸੀ। ਜਿਸ ਵਿੱਚ ਯੂਨੀਵਰਸਿਟੀ ਦੇ ਆਈ.ਟੀ. ਵਿਭਾਗ ਲਈ Managed Cloud Service, UPS 1kv offline 24-port gigbit unmanaged switch wifi gigbit router and Examination ਵਿਭਾਗ ਲਈ for Disposal of used Answersheets ਲਈ 2-2 ਈ-ਟੈਂਡਰ ਪ੍ਰਾਪਤ ਹੋਏ ਹਨ।

2. ਯੂਨੀਵਰਸਿਟੀ ਦੇ Chapter-VI Purchase of Goods, Finance and Library Procurement Regulations ਦੇ 12.4 (Processing of quotations/Tender) Point No. iv ਮੁਤਾਬਿਕ "In case of minimum 3 tenders not received, then date shall be extended by giving a corrigendum on the University website. After corrigendum, if minimum 2 tenders are received then these shall be opened with approval of one step higher authority and shall be processed only if technically qualified and certification of genuiness of rates by the indenting department or under exceptional circumstances is deemed fit by the competent authority." ਇਸ ਅਨੁਸਾਰ ਕਿਉਂਕਿ ਇਸ ਕੇਸ ਵਿੱਚ ਤਿੰਨ ਤੋਂ ਘੱਟ ਟੈਂਡਰ ਪ੍ਰਾਪਤ ਹੋਣ ਕਰਕੇ ਇਹਨਾਂ ਦੀ ਸਮਾਂ ਵਧਾਉਣ ਦੀ Extension (E-Portal) ਉੱਤੇ ਲੈਣੀ ਬਣਦੀ ਸੀ ਜੋ ਕਿ ਸਮਾਂ ਸਿਰ



Scanned with CamScanner

ਈ-ਪੋਰਟਲ ਉੱਪਰ ਅਪਲੋਡ ਨਹੀਂ ਕੀਤਾ ਜਾ ਸਕਿਆ। ਯੂਨੀਵਰਸਿਟੀ ਦੇ ਰੂਲਜ਼ ਮੁਤਾਬਿਕ Extension ਤੋਂ ਬਾਅਦ ਵੀ ਜੇਕਰ 2-ਟੈਂਡਰ ਹੀ ਪ੍ਰਾਪਤ ਹੁੰਦੇ ਹਨ ਤਾਂ One Step Higher Authority ਦੀ ਪ੍ਰਵਾਨਗੀ ਨਾਲ ਖੋਲਿਆ ਜਾ ਸਕਦਾ ਹੈ ਅਤੇ Technically Quality ਹੋਣ ਤੇ Rate genuineness ਦੇਖਦੇ ਹੋਏ Process ਕੀਤਾ ਜਾ ਸਕਦਾ ਹੈ।

3. ਇਸ ਦੇ ਨਾਲ ਹੀ ਯੂਨੀਵਰਸਿਟੀ ਦੇ ਆਈ.ਟੀ. ਵਿਭਾਗ ਵੱਲੋਂ ਪ੍ਰਾਪਤ ਹੋਏ ਪੱਤਰ ਨੰ. ITES/20-21/142 dated 31-03-2021'ੳ' ਦੇ ਅਨੁਸਾਰ ਕਲਾਊਡ ਸਰਵਿਸ ਅਤੇ ਇੰਟਰਨੈਟ ਦੇ ਸਾਮਾਨ ਦੀ ਅਤਿ-ਜਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਚੇਜ਼ ਸ਼ਾਖਾ ਵੱਲੋਂ ਮਿਤੀ 01/04/2021 ਨੂੰ 15ਵੀਂ ਟੀ.ਐਫ.ਸੀ. ਦੀ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਪੰਜਾਬ ਸਰਕਾਰ ਦੇ ਸਬੰਧਤ ਰੂਲਜ ਅਤੇ ਸਬੰਧਤ ਦਸਤਾਵੇਜ਼ ਪ੍ਰਾਪਤ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਬਾਅਦ ਇਸ ਸਬੰਧ ਵਿੱਚ ਮਿਤੀ 16/04/2021 ਨੂੰ 16ਵੀਂ ਟੀ.ਐਫ.ਸੀ. ਦੀ ਮੀਟਿੰਗ ਕੀਤੀ ਗਈ ਅਤੇ relevant documents ਪ੍ਰੋਫੈਸਰ ਇੰਚਰਾਜ (ਪ੍ਰਚੇਜ਼) ਵੱਲੋਂ ਪੇਸ਼ ਕੀਤੇ ਗਏ, ਜਿਸ ਵਿੱਚ ਨੱਥੀ 'ੳ' ਪੱਤਰ ਨੰ. ਅੰ.ਵਿ.ਪ.ਨੰ. 23/5/2012-4ਵਿਪ2/1158 ਮਿਤੀ 25-09-2013 FD ਨਾਲ ਸਬੰਧਤ ਹੈ।

4. "ਵਿੱਤ ਵਿਭਾਗ ਦਾ ਨੱਥੀ 'ਅ' ਪੱਤਰ ਜੋ ਪ੍ਰਮੁੱਖ ਸਕੱਤਰ ਉਦਯੋਗਿਕ ਵਿਭਾਗ ਨੂੰ ਸੰਬੋਧਿਤ ਹੈ ਵਿੱਚ ਉਦਯੋਗਿਕ ਵਿਭਾਗ ਵੱਲੋਂ ਮੀਡੀਆ ਪਾਰਟਨਰ ਦੀ ਨਿਯੁਕਤੀ ਲਈ ਦੋ ਵਾਰ ਇਸ਼ਤਿਹਾਰ ਦੇਣ ਤੇ ਕੇਵਲ ਇੱਕ ਹੀ ਬਿੱਡ ਪ੍ਰਾਪਤ ਹੋਣ ਕਾਰਨ ਟੈਂਡਰ ਪ੍ਰਵਾਨ ਕਰਨ ਲਈ ਰੂਲ-26 ਅਧੀਨ ਰੂਲਾਂ ਦੀ ਡਿਪਾਰਚਰ ਦੀ ਮੰਗ ਨਾਲ ਸਬੰਧਤ ਹੈ, ਦੇ **ਪੁਆਇੰਟ ਨੰ.-2 ਅਨੁਸਾਰ- "ਪ੍ਰਬੰਧਕੀ ਵਿਭਾਗ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜਾਬ ਵਿੱਤੀ ਨਿਯਮਾਂਵਲੀ ਵਿੱਚ ਕੀਤੇ ਉਪਬੰਧਾਂ ਅਨੁਸਾਰ ਕਿਤੇ ਵੀ ਓਪਨ ਸਿੰਗਲ ਟੈਂਡਰ ਨੂੰ ਐਂਟਰਟੇਨ ਕਰਨ ਦੀ ਮਨਾਹੀ ਨਹੀਂ ਹੈ। ਇਸ ਲਈ ਤਵੀਜਤ ਟੈਂਡਰ ਪ੍ਰਵਾਨ ਕਰਨ ਲਈ ਰੇਟ ਰੀਜਨੇਬਿਲਟੀ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕੀ ਵਿਭਾਗ ਆਪ ਹੀ ਸਮਰੱਥ ਹੈ। ਜੇਕਰ ਪ੍ਰਬੰਧਕੀ ਵਿਭਾਗ ਫਿਰ ਵੀ ਇਹ ਸਮਝਦਾ ਹੈ ਕਿ ਕਿਸੇ ਰੂਲ ਤੋਂ ਡਿਪਾਰਚਰ ਲੈਣ ਦੀ ਜਰੂਰਤ ਹੈ ਤਾਂ ਜਿਸ ਰੂਲ ਤੋਂ ਡਿਪਾਰਚਰ ਲੈਣ ਦੀ ਜਰੂਰਤ ਹੈ, ਉਹ ਦਰਸ਼ਾਉਂਦੇ ਹੋਏ ਕੇਸ ਵਿੱਤ ਵਿਭਾਗ ਨੂੰ ਰੈਫਰ ਕਰ ਸਕਦੇ ਹਨ।"**

5. ਉਪਰੋਕਤ ਪੈਰ੍ਹਾ 1, 2, 3 ਦੇ ਅਨੁਸਾਰ ਯੂਨੀਵਰਸਿਟੀ ਦੇ ਪ੍ਰੋਫੈਸਰ ਇੰਚਾਰਜ ਪਰਚੇਜ਼ ਵੱਲੋਂ ਦੱਸਿਆ ਗਿਆ ਕਿ ਇਸ ਟੈਂਡਰ ਸਬੰਧੀ ਸਾਰੇ ਰੂਲਜ਼ ਦੀ ਪਾਲਣਾ ਕੀਤੀ ਗਈ ਹੈ। ਪੈਰ੍ਹਾ 2 ਦੇ ਅਨੁਸਾਰ 3 ਤੋਂ ਘੱਟ ਟੈਂਡਰ ਪ੍ਰਾਪਤ ਹੋਣ ਕਰਕੇ ਸਮਾਂ ਵਾਧਾ ਕਰਨ ਲਈ ਐਕਸਟੈਂਸ਼ਨ ਨਹੀਂ ਲਗਾਈ ਜਾ ਸਕੀ। ਰੂਲਜ਼ ਮੁਤਾਬਿਕ ਵਾਧਾ ਕੀਤੇ ਗਏ ਸਮੇਂ ਤੋਂ ਬਾਅਦ ਵੀ ਜੇਕਰ ਸਿਰਫ 2 ਟੈਂਡਰ ਪ੍ਰਾਪਤ ਹੁੰਦੇ ਹਨ ਤਾਂ ਉਸਨੂੰ One Step Higher Authority ਦੀ ਪ੍ਰਵਾਨਗੀ ਨਾਲ ਖੋਲਿਆ ਜਾ ਸਕਦਾ ਹੈ। ਇਸ ਕੇਸ ਵਿੱਚ 2-2 ਟੈਂਡਰ ਪ੍ਰਾਪਤ ਹੋਏ ਹਨ ਜੋ ਕਿ ਹਾਲੇ ਤੱਕ ਖੋਲੇ ਨਹੀਂ ਗਏ ਅਤੇ ਨਾ ਹੀ ਇਹ ਪਤਾ ਹੈ ਕਿ ਕਿਸ ਫਰਮ ਵੱਲੋਂ ਅਪਲਾਈ ਕੀਤੇ ਗਏ ਹਨ। ਇਸ ਕਰਕੇ ਜੇਕਰ ਟੀ.ਐਫ.ਸੀ. ਇਸ ਸਮਾਂ ਵਾਧੇ ਦੀ ਐਕਸਟੈਸ਼ਨ ਨਾ ਲਗਾਉਣ ਸਬੰਧੀ One Time ਛੋਟ ਬਾਰੇ ਵਿਚਾਰ ਕਰਕੇ ਇਹਨਾਂ ਨੂੰ ਖੋਲਣ ਦੀ ਸਿਫਾਰਿਸ਼ ਕਰਦੀ ਹੈ ਤਾਂ ਇਹ 2-2 ਟੈਂਡਰ One Step Higher Authority (ਵਾਈਸ ਚਾਂਸਲਰ) ਦੀ ਪ੍ਰਵਾਨਗੀ ਲੈ ਕੇ ਖੋਲੇ ਜਾ ਸਕਦੇ ਹਨ ਅਤੇ ਖਰੀਦ ਸੰਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕਦੀ ਹੈ, ਨਹੀਂ ਤਾਂ ਇਹ ਦੁਬਾਰਾ ਟੈਂਡਰ ਕਰਨਾ ਹੋਵੇਗਾ।

**ਇਸ ਬਾਰੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ -**

ਯੂਨੀਵਰਸਿਟੀ ਦੇ ਪ੍ਰੋਫੈਸਰ ਇੰਚਾਰਜ (ਪ੍ਰਚੇਜ਼) ਵੱਲੋਂ ਪੇਸ਼ ਕੀਤੇ ਵਿੱਤ ਵਿਭਾਗ ਦੇ ਪੱਤਰ ਅਤੇ ਯੂਨੀਵਰਸਿਟੀ ਦੇ ਪ੍ਰਚੇਜ਼ ਨਿਯਮਾਂ ਅਧੀਨ, ਮਿੱਥੇ ਸਮੇਂ ਵਿੱਚ ਤਿੰਨ ਟੈਂਡਰ ਤੋਂ ਘੱਟ ਪ੍ਰਾਪਤ ਹੋਣ ਦੇ ਮੱਦੇ ਨਜ਼ਰ, ਅਗਰ ਵਧਾਏ ਗਏ ਸਮੇਂ ਵਿੱਚ ਵੀ ਇਹ ਘਟੋ ਘਟ ਦੋ ਟੈਂਡਰ ਪ੍ਰਾਪਤ ਹੁੰਦੇ ਹਨ, ਤਾਂ ਸਬੰਧਤ ਕੇਸ ਰੇਟ ਦੀ ਰੀਜ਼ਨੇਬਿਲਟੀ ਅਤੇ ਟੈਕਨੀਕੇਲਟੀ ਪੂਰਾ ਹੋਣ ਦੀ ਸੂਰਤ ਵਿੱਚ ਇਸ ਨੂੰ

ਖੋਲਣ ਦੀ ਪ੍ਰਵਾਨਗੀ ਸਮਰੱਥ ਅਧਿਕਾਰੀ ਦੇ ਪੱਧਰ ਤੋਂ ਇੱਕ ਪੱਧਰ ਉੱਪਰ ਦੇ ਅਧਿਕਾਰੀ ਤੋਂ ਲੈਣੀ ਬਣਦੀ ਸੀ। ਵਿੱਤ ਵਿਭਾਗ ਦੇ ਉਪਰੋਕਤ ਪੱਤਰ 'ਅ'(ਪੈਰ੍ਹਾ 4), **ਮੁਤਾਬਿਕ ਪੰਜਾਬ ਵਿੱਤਾ ਨਿਯਮਾਂਵਲੀ ਵਿੱਚ ਕੀਤੇ ਉਪਬੰਧਾਂ ਅਨੁਸਾਰ ਕਿਤੇ ਵੀ ਓਪਨ ਸਿੰਗਲ ਟੈਂਡਰ ਨੂੰ ਐਂਟਰਟੇਨ ਕਰਨ ਦੀ ਵੀ ਮਨਾਹੀ ਨਹੀਂ ਹੈ।** ਉਪਰੋਕਤ ਦੋਨੋਂ ਤੱਥਾਂ ਦੇ ਮੱਦੇਨਜ਼ਰ ਯੂਨੀਵਰਸਿਟੀ ਦੇ ਆਈ.ਟੀ. ਵਿਭਾਗ ਦੀ ਅਤਿ ਜਰੂਰੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਕਮੇਟੀ ਸਿਫਾਰਿਸ਼ ਕਰਦੀ ਹੈ ਕਿ ਉਪਰੋਕਤ ਟੈਂਡਰ ਲਈ ਸਮੇਂ ਵਿੱਚ ਵਾਧੇ ਸਬੰਧੀ ਐਕਸਟੇਸ਼ਨ ਨਾ ਦੇਣ ਦੀ ਛੂਟ ਦਿੰਦੇ ਹੋਏ ਬਾਕੀ ਨਿਯਮਾਂ ਮੁਤਾਬਿਕ One Step Higher Authority (ਵਾਈਸ ਚਾਂਸਲਰ, ਐਮ.ਆਰ.ਐਸ.ਪੀ.ਟੀ.ਯੂ.) ਤੋਂ ਟੈਂਡਰ ਖੋਲਣ ਦੀ ਪ੍ਰਵਾਨਗੀ ਲੈ ਲਈ ਜਾਵੇ ਅਤੇ ਅਗਲੇਰੀ ਕਾਰਵਾਈ ਕੀਤੀ ਜਾਵੇ।

**ਨੱਥੀ: ਵਿੱਤ ਵਿਭਾਗ ਦਾ ਪੱਤਰ 'ੳ'**

(ਇੰਚਾਰਜ਼ ਟ੍ਰਾਂਸਪੋਰਟ-ਇੰਨਡੈਂਟਰ)

At Home (Quarantine-COVID) Agreed on phone & whatsapp
(ਕੰਟ੍ਰੋਲਰ ਪ੍ਰੀਖਿਆਵਾਂ ਇੰਨਡੈਂਟਰ)
(Prof Karanveer Singh)

(ਡਾਇਰੈਕਟਰ ਆਈ.ਟੀ.ਈ.ਐਸ.- ਇੰਨਡੈਂਟਰ)

(ਪ੍ਰੋਫੈਸਰ ਇੰਚਾਰਜ਼ ਆਈ.ਟੀ.ਈ.ਐਸ.)

(ਡਾਂ.ਸਰਬਜੀਤ ਕੌਰ ਬਾਠ, ਮੁਖੀ)

for (ਡਾ. ਰਕੇਸ਼ ਸਿੰਗਲਾ, ਮੁਖੀ)
Bal Krishan

26/04/21
(ਪ੍ਰੋਫੈਸਰ ਇਚਾਰਜ਼ ਵਿੱਤ ਅਤੇ ਪ੍ਰਚੇਜ਼)

(Agreed on phone & whatsapp) for
(ਡਿਪਟੀ ਡਾਇਰੈਕਟਰ ਟੈਕਨੀਕਲ ਪੰਜਾਬ, ਨੁਮਾਇੰਦਾ)
(Sh. SHAM GOYAL)

(ਰਜਿਸਟਰਾਰ)

(ਡੀਨ ਅਕਾਦਮਿਕ ਮਾਮਲੇ)

1. TFC works within the adopted Univ. purchase norms, as per which case for less than 3-Tenders can be processed only after undertaking extention in tender closing. Any departure, needs to be adopted seperately by the University.
2. As per Uni. notification 3485/15.11.18, max. financial powers limit lies with Registrar i.e. upto 1 lac. So clarification of approving and one-step higher authority needs to be made by o/o Registrar explicitly.
3. Case can be considered for extention for the ongoing utmost essential works only.

(Dean Academic Affairs)

(ਸਹਾਇਕ ਰਜਿ.(ਪ੍ਰਚੇਜ਼)
-ਕਮ-ਮੈਂਬਰ ਸੈਕਰਟਰੀ)

ARCP

**<u>ਪ੍ਰਵਾਨਗੀ ਹਿੱਤ ਪੇਸ਼:</u>**

**<u>ਮਾਨਯੋਗ ਵਾਈਸ ਚਾਂਸਲਰ,</u>**
**<u>ਐੱਮ.ਆਰ.ਐੱਸ.ਪੀ.ਟੀ.ਯੂ., ਬਠਿੰਡਾ</u>**

Put up MOM thro' Registrar for approval
PICP

Registrar Discussed, to put up note
AR



Scanned with CamScanner